# India and Pakistan exchange list of Nuclear Installations

January 01, 2023

**ਭਾਰਤ ਅਤੇ ਪਾਕਿਸਤਾਨ ਨੇ ਕੀਤਾ ਪ੍ਰਮਾਣੂ ਸਥਾਪਨਾਵਾਂ ਦੀ ਸੂਚੀ ਦਾ ਵਟਾਂਦਰਾ**

**1 ਜਨਵਰੀ, 2023**

ਭਾਰਤ ਅਤੇ ਪਾਕਿਸਤਾਨ ਨੇ ਅੱਜ ਨਵੀਂ ਦਿੱਲੀ ਅਤੇ ਇਸਲਾਮਾਬਾਦ ਵਿਖੇ ਇੱਕੋ ਸਮੇਂ ਕੂਟਨੀਤਕ ਚੈਨਲਾਂ ਰਾਹੀਂ ਭਾਰਤ ਅਤੇ ਪਾਕਿਸਤਾਨ ਦਰਮਿਆਨ ਪ੍ਰਮਾਣੂ ਸਥਾਪਨਾਵਾਂ ਅਤੇ ਸਹੂਲਤਾਂ ਉੱਤੇ ਹਮਲੇ ਦੀ ਮਨਾਹੀ ਦੇ ਸਮਝੌਤੇ ਤਹਿਤ ਪਰਮਾਣੂ ਸਥਾਪਨਾਵਾਂ ਅਤੇ ਸਹੂਲਤਾਂ ਦੀ ਸੂਚੀ ਦਾ ਵਟਾਂਦਰਾ ਕੀਤਾ।

ਇਸ ਸਮਝੌਤੇ 'ਤੇ 31 ਦਸੰਬਰ, 1988 ਨੂੰ ਦਸਤਖਤ ਕੀਤੇ ਗਏ ਸਨ ਅਤੇ ਇਹ 27 ਜਨਵਰੀ 1991 ਨੂੰ ਲਾਗੂ ਹੋਇਆ ਸੀ. ਇਸ ਵਿੱਚ ਹੋਰਨਾਂ ਗੱਲਾਂ ਤੋਂ ਛੁੱਟ ਇਸ ਗੱਲ ਦਾ ਪ੍ਰਾਵਧਾਨ ਹੈ ਕਿ ਭਾਰਤ ਅਤੇ ਪਾਕਿਸਤਾਨ ਹਰ ਕੈਲੰਡਰ ਸਾਲ ਦੀ ਪਹਿਲੀ ਜਨਵਰੀ ਨੂੰ ਇਸ ਸਮਝੌਤੇ ਹੇਠ ਆਉਣ ਵਾਲੀਆਂ ਪ੍ਰਮਾਣੂ ਸਥਾਪਨਾਵਾਂ ਅਤੇ ਸਹੂਲਤਾਂ ਬਾਰੇ ਇਕ ਦੂਜੇ ਨੂੰ ਜਾਣਕਾਰੀ ਦੇਣਗੇ। ਇਹ ਦੋਵਾਂ ਦੇਸ਼ਾਂ ਵਿਚਕਾਰ ਅਜਿਹੀਆਂ ਸੂਚੀਆਂ ਦਾ ਹੋਇਆ ਲਗਾਤਾਰ 32ਵਾਂ ਵਟਾਂਦਰਾ ਹੈ, ਜੋ 1 ਜਨਵਰੀ, 1992 ਨੂੰ ਸ਼ੁਰੂ ਹੋਇਆ ਸੀ।

ਨਵੀਂ ਦਿੱਲੀ

1 ਜਨਵਰੀ, 2023

DISCLAIMER: This is an approximate translation. The original is available in English on MEA's website and may be referred to as the official press release.